

# ਸ਼ਬਦ ਨੂੰ ਕਿਵੇਂ ਸਮਝੀਏ?

**ਡਾ. ਅਮਰਜੀਤ ਸਿੰਘ**

ਸਹਾਇਕ ਪ੍ਰੋਫ਼ੈਸਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨਵਿਰਸਿਟੀ, ਪਟਿਆਲਾ।
✆ 98156-04864

ਇਸ ਪੇਪਰ ਵਿਚ ਸ਼ਬਦ ਨੂੰ ਖੋਜ ਅਤੇ ਅਨੁਭਵ ਦੇ ਪੱਧਰ 'ਤੇ ਸਮਝਿਆ ਜਾਵੇਗਾ। ਸ਼ਬਦ ਦੀ ਸਮਝ ਭਾਰਤੀ ਦਰਸ਼ਨ ਅਤੇ ਪੱਛਮੀ ਫ਼ਿਲਾਸਫੀ ਦੀ ਨੇੜਤਾ ਵਿਚ ਸਾਹਮਣੇ ਆਉਂਦੀ ਰਹੀ ਹੈ। ਪੋਸਟ ਮਾਰਡਰਨ ਥੋਟ ਰਾਹੀਂ ਸ਼ਬਦ ਦੇ ਨਵੇਂ ਅਰਥ-ਪਾਸਾਰਾਂ ਦੀ ਤਲਾਸ਼ ਵੀ ਸਾਹਮਣੇ ਆਈ ਹੈ, ਜਿਸ ਦਾ ਧੁਰਾ ਸਿੱਖ ਵਿਆਖਿਆ ਸ਼ਾਸਤਰ ਦੀ ਗਿਆਨ ਮੀਮਾਂਸਕ ਵਿਧੀ ਰਿਹਾ ਹੈ। ਸ਼ਬਦ ਦੀ ਸਮਝ ਲਈ ਜ਼ਰੂਰੀ ਹੈ ਕਿ ਸ਼ਬਦ-ਅਧਿਐਨ ਨਾਲ ਜੁੜੀਆਂ ਗਿਆਨ ਮੀਮਾਂਸਕ ਵਿਧੀਆਂ ਅਤੇ ਸਿਧਾਂਤ ਨੂੰ ਇਕੱਠਾ ਸਮਝਿਆ ਜਾਵੇ। ਸ਼ਬਦ ਅਧਿਐਨ ਦੀ ਠੀਕ ਸਮਝ ਅੰਦਰ ਇਕ ਮੁੱਖ ਸਮੱਸਿਆ ਸਿੰਘ ਸਭਾ ਲਹਿਰ ਅਤੇ ਉਸ ਸਮੇਂ ਸਿੱਖ ਸਮਾਜ ਵਿਚ ਵਿਚਰ ਰਹੇ ਹੋਰ ਧਾਰਮਿਕ ਗਰੁੱਪਾਂ ਆਦਿ ਨੂੰ ਇਕੱਠਾ ਨਾ ਸਮਝਣਾ ਹੈ। ਸਿੰਘ ਸਭਾ ਲਹਿਰ ਪ੍ਰਮੁੱਖ ਰੂਪ ਵਿਚ ਸੁਧਾਰਕ ਲਹਿਰ ਸੀ, ਜਿਸਨੇ ਬਸਤੀਵਾਦੀ ਨੁਕਤੇ ਤੋਂ ਸਿੱਖੀ, ਇਤਿਹਾਸ ਅਤੇ ਸਿੱਖ-ਪਰੰਪਰਾਵਾਂ ਦੀ ਵਿਆਖਿਆ ਕੀਤੀ ਪਰ ਇਸ ਲਹਿਰ ਦੀ ਸਮਾਪਤੀ ਤੋਂ ਬਾਅਦ ਕੁਝ ਗਰੁੱਪਾਂ ਨੇ ਇਸ ਤੋਂ ਪ੍ਰਭਾਵਿਤ ਹੋ ਕੇ ਅਜਿਹੀਆਂ ਸੰਸਥਾਵਾਂ ਬਣਾਈਆਂ, ਜੋ ਕਿ ਸੁਧਾਰਕ, ਪ੍ਰਚਾਰਕ ਹੁੰਦੀਆਂ ਹੋਈਆਂ ਸ਼ਬਦ ਦੀ ਵਿਆਖਿਆ ਪੈਦਾ ਕਰ ਰਹੀਆਂ ਸਨ। ਇਹਨਾਂ ਤੋਂ ਬਿਨਾਂ ਕੁਝ ਅਜਿਹੇ ਵੀ ਗਰੁੱਪ ਸਨ, ਜੋ ਸਿੰਘ ਸਭਾ ਦੁਆਰਾ ਪੈਦਾ ਕੀਤੀ ਸ਼ਬਦ ਦੀ ਵਿਆਖਿਆ ਨੂੰ ਆਧਾਰ ਮੰਨ ਕੇ ਇਸਦੀ ਸੀਮਾ ਦੱਸਦੇ ਹਨ ਅਤੇ ਇਸ ਲਹਿਰ ਨੂੰ ਹੀ ਅਸਵੀਕਾਰ ਕਰ ਦਿੰਦੇ ਹਨ। ਬਸਤੀਵਾਦੀ ਚਿੰਤਨ ਨੇ ਧਰਮ ਨੂੰ ਰੀਲੀਜਨ ਦੀ ਕੈਟੇਗਿਰੀ ਬਣਾਇਆ। ਜਿਸ ਵਿਚੋਂ ਗਿਆਨ ਮੀਮਾਂਸਾ ਨੂੰ ਕੱਢਣ ਦੀ ਆਗਿਆ ਨਹੀਂ ਸੀ। ਇਸ ਵਿਚ ਧਰਮ ਨੂੰ ਕੇਵਲ ਫੇਥ ਅਤੇ ਰੀਚੁਅਲ ਲਈ ਹੀ ਸਾਈਕੋਲੋਜੀ ਨੂੰ ਰਲੀਫ਼ ਦੇਣ ਲਈ ਵਰਤਿਆ ਗਿਆ। ਇਸ ਵਿਚ ਫਿਰ ਇਕ ਧਿਰ ਸੁਪਰੀਮ ਬਣ ਗਈ ਅਤੇ ਉਸ ਨੇ ਜਗੀਰਦਾਰੀ ਪੈਟਰਨ ਤਹਿਤ ਸ਼ਬਦ ਦੀ ਸਪਰਿਟ ਨੂੰ ਹਾਈਜੈਕ ਕੀਤਾ। ਸ਼ਬਦ ਦੀ ਸਪਰਿਟ ਦੀ ਹਾਈਜੈਕ ਪੋਜੀਸ਼ਨ ਸ਼ਬਦ ਦੀ ਵਿਆਖਿਆ ਨੂੰ ਗਿਆਨ-ਮੀਮਾਂਸਾ ਤੋਂ ਬਾਹਰ ਕਰ ਹਾਈਜੈਕ ਓਰਥੋਡਾਕਸੀ ਬਣਾਉਂਦੀ ਹੈ, ਜੋ ਕਿ ਸਿੰਘ ਸਭਾ ਨੂੰ ਚਿੰਤਨ ਲਹਿਰ ਮੰਨ ਕੇ ਤਰਕ, ਵਿਗਿਆਨ ਅਤੇ ਆਪਣੀ ਨਿਸ਼ਚਿਤ ਵਿਆਖਿਆ ਵਿਚ ਕਿਸੇ ਵੀ ਦਖ਼ਲ ਨੂੰ ਨਾ ਮੰਨਦੀ ਹੋਈ ਤੇ ਸਿੰਘ ਸਭਾ ਨੂੰ ਅਸਵੀਕਾਰ ਕਰਦੀ ਹੋਈ ਗਿਆਨ-ਮੀਮਾਂਸਾ ਦਾ ਵਿਰੋਧ ਕਰ ਰਹੀ ਹੈ, ਸ਼ਬਦ ਦੀ ਸਮਝ ਲਈ ਇਸ ਸੰਵਾਦ ਨੂੰ ਸਮਝਣਾ ਵੀ ਜ਼ਰੂਰੀ ਹੈ। ਇਸ ਤਰ੍ਹਾਂ ਸ਼ਬਦ ਦੀ ਸਮਝ ਦੇ ਮੌਜੂਦਾ ਅਧਿਐਨ ਅਤੇ ਖੋਜ ਵਿਚ ਇਹ ਸੰਵਾਦ ਇਕ ਵਿਸ਼ੇਸ਼ ਰਾਹ ਬਣ ਸਕਦਾ ਹੈ, ਜਿਸ ਨਾਲ ਸ਼ਬਦ ਦੀ ਸਮਝ ਵਿਚ ਨਵੇਂ ਪ੍ਰਸ਼ਨ, ਜਿਗਿਆਸਾਵਾਂ ਅਤੇ ਵਿਆਖਿਆ ਦੀ ਸੰਭਾਵਨਾ ਪੈਦਾ ਹੋ ਸਕਦੀ ਹੈ। ਇਸ ਪੇਪਰ ਰਾਹੀਂ ਉਪਰੋਕਤ ਨੁਕਤਾ ਸਪੱਸ਼ਟ ਰੂਪ ਵਿਚ ਸਾਹਮਣੇ ਆਵੇਗਾ।

> 'ਸ਼ਬਦ' ਦੈਵੀ ਤਰਕ, ਅਕੱਥ ਦੀ ਅਨੁਭੂਤੀ, ਕਾਇਨਾਤ ਦੀ ਤੱਥ-ਗਤਤਾ, ਨਾਦ ਵਿਚ ਬੱਝੀ ਅਭਿਵਿਅਕਤੀ ਜਾਂ ਸਮਾਧੀ ਦੇ ਮੋਖਸ਼ ਖਿਣਾਂ ਵਿਚ ਮਿਲੀ ਦਾਤ ਹੈ। ਇਹ ਮਹਾ ਚੇਤਨਾ ਦੀ ਉਹ ਸੂਖਮ ਪਰ ਬਲਵਾਨ ਧਾਰਾ ਹੈ, ਜੋ ਖ਼ਾਮੋਸ਼ੀ ਦੀ ਆਵਾਜ਼ ਦੇ ਰੂਪ ਵਿਚ ਸਿਰਜਣਾ ਤੋਂ ਪਹਿਲਾਂ ਅਤੇ ਸਿਰਜਣਾ ਦੀ ਹਰ ਪਰਤ ਵਿਚ ਆਦਿ ਕਾਲ ਤੋਂ ਵਿਦਮਾਨ ਹੈ।[1]

ਸ਼ਬਦ ਦੀ ਧਰਤੀ ਤੇ ਅਵਤਰਨ ਦੀ ਸੁਭਾਖੀ ਘੜੀ ਕਿਹੜੀ ਹੈ? ਮੈਂ ਇਸ ਨੁਕਤੇ ਨਾਲ ਸ਼ਬਦ ਦੀ ਅੰਦਰੂਨੀ ਸੰਰਚਨਾ ਦੇ ਅਰਥ-ਪਾਸਾਰਾਂ ਨੂੰ ਮੁਖਾਤਿਫ਼ ਹੋ ਰਿਹਾ ਹਾਂ। ਸ਼ਬਦ ਦਾ ਧੁਰ ਭਾਵ ਆਦਿ ਸੱਚ ਕੀ ਹੈ, ਜਿਸ ਦੀ ਜਰਨੀ ਰਾਹੀਂ ਸ਼ਬਦ ਦਾ ਅਵਤਰਨ ਸੁਭਾਖੀ ਘੜੀ ਵਿਚ ਧਰਤੀ 'ਤੇ ਹੋਇਆ ਹੈ। ਪੇਪਰ ਦਾ ਪ੍ਰਥਮ ਇਸ਼ਾਰਾ ਇਸ ਪਾਸਾਰ ਵੱਲ ਹੈ। ਇਸ ਧਰਤੀ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਅਜਿਹਾ ਗ੍ਰੰਥ ਹੈ, ਜਿਸਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਦੂਸਰੇ ਕਿਸੇ ਵੀ ਧਰਮ ਗ੍ਰੰਥ ਦਾ ਪ੍ਰਕਾਸ਼ ਨਹੀਂ ਕੀਤਾ ਜਾਂਦਾ ਪਰ ਧਰਮ ਗ੍ਰੰਥ ਨੂੰ ਪਵਿੱਤਰਤਾ ਦੇ ਅਹਿਸਾਸ ਵਿਚ ਸਾਂਭਿਆ ਜ਼ਰੂਰ ਜਾਂਦਾ ਹੈ। ਦੂਸਰੇ ਧਰਮ ਗ੍ਰੰਥਾਂ ਨੂੰ ਪਵਿੱਤਰ ਕਿਤਾਬ ਦਾ ਦਰਜਾ ਵੀ ਦਿੱਤਾ ਜਾਂਦਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਪਵਿੱਤਰ ਕਿਤਾਬ ਨਹੀਂ ਸਗੋਂ ਸ਼ਬਦ ਗੁਰੂ ਹੈ, ਜਿਸਦਾ ਪ੍ਰਕਾਸ਼ ਹੁੰਦਾ ਹੈ, ਇਸਦਾ ਪ੍ਰਕਾਸ਼ ਕੇਵਲ ਪੀੜ੍ਹਾ


(ਪੰਨੇ 124-128)
**www.sanvad.org**
ISSN : 2395-1273

ਸਾਹਿਬ ਉਪਰ ਹੀ ਨਹੀਂ ਹੁੰਦਾ ਸਗੋਂ ਸਮੁੱਚੇ ਬ੍ਰਹਿਮੰਡ ਵਿਚ ਇਸ ਦੇ ਪ੍ਰਕਾਸ਼ ਦਾ ਦੈਵੀ ਚਾਨਣ ਪ੍ਰਕਾਸ਼ਮਾਨ ਹੋ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਹੋਣ ਦੀ ਇਕ ਰਮਝ "ਧੁਰ ਦੇਸ"ਨਾਲ ਸੰਬੰਧਿਤ ਵੀ ਹੈ।

"ਧੁਰ ਦੇਸ" ਦੀ ਇਕ ਰਮਜ਼ ਸ਼ਬਦ ਦੀ ਮਉਲਦੀ ਨਿਸ਼ਚਿਤਤਾ ਰਾਹੀਂ ਵੀ ਪ੍ਰਗਟ ਹੁੰਦੀ ਹੈ। ਪ੍ਰੋ. ਜਗਦੀਸ਼ ਸਿੰਘ ਇਸ ਰਮਜ਼ ਨੂੰ ਇਸ ਪ੍ਰਕਾਰ ਵਿਆਖਿਆ ਅਧੀਨ ਲਿਆਉਂਦੇ ਹਨ ਕਿ "ਸ਼ਬਦ ਮਉਲਦੀ ਨਿਸ਼ਚਿਤਤਾ ਦੀ ਪਾਰਦਰਸ਼ਤਾ ਹੈ। ਇਸ ਨੇ ਦਵੰਦ ਦੀ ਸੰਗਲੀ ਤੋਰ ਵਿਚ ਆਪਣੀ ਤਾਲ ਦੇ ਅਸੰਖ ਮੁਕਾਮ ਆਪ ਹੀ ਸਾਜ ਕੇ ਰੱਖੇ ਹੋਏ ਹਨ। ਆਪਣੀ ਭਾਲ ਦੇ ਕੌਤਕਾਂ ਵਿਚ ਅਧੂਰਾਪਣ ਨਿਵਾਜਿਸ਼ ਗ੍ਰਹਿਣ ਕਰ ਆਪ ਹੀ ਸੰਪੂਰਨ ਹੁੰਦਾ ਹੈ ਤੇ ਆਪ ਹੀ ਆਪਣੀ ਸੰਪੂਰਨਤਾ ਦੇ ਵਹਿਮ ਨੂੰ ਤੋੜ ਮੁੜ ਨਿਵਾਜਿਸ਼ ਦੇ ਨਵੇਂ ਅੰਦਾਜ਼ ਨਾਲ ਨਵੀਂ ਸੰਪੂਰਨਤਾ ਉਡੀਕਦਾ ਹੈ। ਦਵੰਦ ਰੰਗਾ-ਰੰਗ ਰੂਪ ਧਾਰਨ ਕਰਨ ਦਾ ਬਲ ਸ਼ਬਦ ਦੀ ਮਉਲਦੀ ਨਿਸ਼ਚਿਤਤਾ ਤੋਂ ਹੀ ਪ੍ਰਾਪਤ ਕਰ ਰਿਹਾ ਹੈ। ਦਵੰਦ ਵਿਚੋਂ ਉਤਰੀ ਕਾਲ ਦੀ ਲਕੀਰੀ ਚੇਤਨਾ ਵਿਚ ਆਪਣੀ ਰਮਜ਼ ਪ੍ਰਗਟਾਉਣ ਹਿੱਤ, ਸ਼ਬਦ ਕਿਸੇ ਵੀ ਖਿਣ ਆਪਣੀ ਸੰਪੂਰਨਤਾ ਦੇ ਮੁਕਾਮ ਸਿਰਜ ਸਕਦਾ ਹੈ। ਮਨੁੱਖੀ ਗਿਆਨ ਦੇ ਉਚੇਰੇ ਅਨੁਭਵਾਂ (ਪਾਰਦਰਸ਼ੀ ਬਿਬੇਕ, ਯੋਗ, ਸ਼ੂਨਯ, ਤੰਤ੍ਰ, ਭਗਤੀ, ਪੁਰਾਣ ਤੇ ਕਾਨੂੰਨ) ਦੇ ਫੈਲਦੇ ਟਕਰਾਉਂਦੇ ਤੇ ਇਕ ਦੂਜੇ ਨੂੰ ਆਪਣੀ ਊਰਜਾ ਪ੍ਰਦਾਨ ਕਰਦੇ ਅਸੰਖ ਪਸਾਰਾਂ ਦੇ ਸਗਲ ਮਹਾਂ-ਵਰਤਾਰੇ ਨੂੰ ਸ਼ਬਦ ਦੀ ਮਉਲਦੀ ਨਿਸ਼ਚਿਤਤਾ ਨੇ ਆਪਣੇ ਵਿਗਸਣ ਵਿਚ ਥਾਂ ਦਿੱਤੀ ਹੋਈ ਹੈ। ਉਸਦੀ ਮਉਲਣ ਪ੍ਰਕ੍ਰਿਆ ਇਹਨਾਂ ਦੇ ਮਉਲਣ ਦੀ ਸ਼ਕਤੀ ਬਣਦੀ ਹੈ। ਉਚੇਰੇ ਮਨੁੱਖੀ ਗਿਆਨ ਦੇ ਇਹਨਾਂ ਸੱਤ ਵਰਗਾਂ ਵਿਚ ਮਨੁੱਖ ਦੇ ਹੋਰ ਸਾਰੇ ਅਨੁਭਵ ਵਿਗਸ ਰਹੇ ਹਨ। ਇਤਿਹਾਸ, ਰਾਜਨੀਤੀ, ਫ਼ਲਸਫ਼ਾ, ਸਭਿਆਚਾਰਕ, ਮਨੋਵਿਗਿਆਨ, ਕੋਮਲ ਕਲਾਵਾਂ, ਵਿਗਿਆਨ ਆਦਿ ਸਭ ਇਹਨਾਂ ਵਿਚ ਹੀ ਉਗਮਦੇ ਬਿਨਸਦੇ ਪਏ ਹਨ। ਸ਼ਬਦ ਕਾਲ ਤੇ ਖਲਾਅ ਦੀ ਚੇਤਨਾ ਵੱਲੋਂ ਕੀਤੀ ਤਿੰਨ ਪਰਤੀ ਵੰਡ ਤੋਂ ਪਾਰ ਹੈ। ਸ਼ਬਦ ਦੇ ਬਖ਼ਸ ਦਰ ਨੂੰ ਪਾ, ਪਿੱਛੋਂ ਮ੍ਰਿਤ-ਮੰਡਲ ਵਿਚ ਕੀਤੀ ਘਾਲ ਨਾਲ ਨਾਮ ਵਸਤੂ ਪਹਿਚਾਣ, ਚੁਣ, ਪਾਲ ਤੇ ਇਕਤਰ ਕਰਕੇ ਮੁੜ ਸ਼ਬਦ ਦਰ ਨਾਲ ਇਕ ਕਰ ਸ਼ਬਦ ਦਾ ਗੁਰੂ ਰੂਪ ਪ੍ਰਗਟ ਕੀਤਾ ਗਿਆ ਹੈ। ਆਦਿ-ਅੰਤ 'ਤੇ ਪ੍ਰਗਾਸ ਹੋਇਆ, ਮ੍ਰਿਤ ਮੰਡਲ ਨੂੰ ਆਪਣੀ ਬੁੱਕਲ 'ਚ ਪਾਲਦਾ ਸ਼ਬਦ ਮਉਲਦੀ ਨਿਸ਼ਚਿਤਤਾ ਦੀ ਗਣਿਤਮਈ, ਤਾਰਕਿਕ, ਵਿਆਕਰਣਕ ਦਿਸ਼ਾ ਬਿਆਨਦਾ ਹੈ ਅਤੇ ਮੌਤ-ਮੰਡਲ ਵਿਚ ਆਕਾਰ ਦੇ ਸੰਬੰਧ ਵਿਚ ਨਾਮ-ਰਸੀ ਤਰਲ ਸੰਗੀਤਕ ਤੇ ਰਹੱਸਮਈ ਨੁਹਾਰ ਪ੍ਰਗਟ ਕਰ ਅੰਮ੍ਰਿਤਮਈ ਹਸਤੀ ਦੇ ਸਗਲੇ ਪਹਿਲੂਆਂ ਨੂੰ ਕਾਲ-ਜਕੜ ਤੋਂ ਮੁਕਤ ਰੱਖਦਾ ਹੈ। ਗੁਰਮੁਖ ਸੁਰਤਿ ਦੀ ਅਨੁਭਵੀ ਦੁਪੱਖਤਾ ਵਿਚ ਇਹ ਦੋਵੇਂ ਪਾਸਾਰ ਇਕੱਠੇ ਰਚ ਕੇ ਉਸਦੀ ਹਸਤੀ ਨੂੰ ਬ੍ਰਹਿਮੰਡੀ ਬਣਾਉਂਦੇ ਹੋਏ ਮਰਿਆਦਾਮਈ ਜ਼ਬਤ ਨਾਲ ਸਥਾਨਕਤਾ ਅਤੇ ਵਿਅਕਤੀਗਤਤਾ ਨੂੰ ਸਹੀ ਸੰਤੁਲਨ ਦਿੰਦੇ ਹਨ। ਉਂਝ ਸਥਾਨਕਤਾ ਤੇ ਵਿਅਕਤੀਗਤਤਾ ਉਸ ਬ੍ਰਹਿਮੰਡੀ ਤੱਤ ਦਾ ਕੌਤਕੀ ਰੂਪ ਹੀ ਹਨ। ਸ਼ਬਦ ਗੁਰੂ ਦੇ ਪ੍ਰਗਾਸ ਨੇ ਪ੍ਰਮਾਣਿਕ ਪਦਾਰਥਿਕਤਾ ਦਾ ਨਿਰਮਾਣ ਕੀਤਾ ਹੈ। ਇਸ ਪ੍ਰਮਾਣਿਕ ਪਦਾਰਥਿਕਤਾ ਵਿਚੋਂ ਹੀ ਪ੍ਰਮਾਣਿਕ ਦਵੰਦਤਾ, ਜੋ ਮਉਲਦੀ ਨਿਸ਼ਚਿਤਤਾ ਦਾ ਹਿੱਸਾ ਹੀ ਹੈ, ਪੈਦਾ ਹੋਈ ਹੈ। ਮਉਲਦੀ ਨਿਸ਼ਚਿਤਤਾ (ਅਕਾਲ ਪੁਰਖ) ਤੋਂ ਇਸੇ ਪ੍ਰਮਾਣਿਕ ਦਵੰਦਤਾ ਨੇ ਕਾਲ ਪੁਰਖ ਦਾ ਰੂਪ ਪ੍ਰਗਟ ਕੀਤਾ ਹੈ। ਪ੍ਰਮਾਣਿਕ ਪਦਾਰਥਿਕਤਾ ਤੇ ਪ੍ਰਮਾਣਿਕ ਦਵੰਦਤਾ 'ਚੋਂ ਉਜਾਗਰ ਅਕਾਲ ਪੁਰਖ, ਸਭਿਆਚਾਰਕ ਮਾਨਵਵਾਦ ਦੇ ਅਗਲੇ ਫੈਲਾਅ ਨੂੰ ਸਿਰਜਣਾਤਮਕ ਇਸਤਰੀ-ਨੇਮ ਅਤੇ ਦੈਵੀ ਇਸਤਰੀ-ਨੇਮ ਦੇ ਹਵਾਲੇ ਕਰ ਕਾਲ ਵਿਚ ਲਿੰਗਕਤਾ ਤੇ ਮੈਲ ਪਾਸਾਰ ਦੇ ਫੈਲਾਵਾਂ ਨੂੰ ਉਸਾਰੂ ਅਨੁਭਵ ਦਾ ਭਾਗ ਬਣਾ, ਜਗਤ ਦੀ ਰਸਿਕ ਰੰਗੀਨ ਲੀਲਾ ਸਿਰਜਦੇ ਹੋਏ ਮਉਲਦੀ ਨਿਸ਼ਚਿਤਤਾ ਦਾ ਅਨੁਭਵ ਪ੍ਰਗਾਸਦੇ ਹਨ। ਇਹ ਬਖ਼ਸ਼ਿਸ਼ ਮੰਤ੍ਰ ਦੇ ਤਿੰਨ ਮੰਡਲਾਂ (ਬੀਜ ਮੰਤ੍ਰ, ਗੁਰਮੰਤ੍ਰ ਤੇ ਮੂਲ-ਮੰਤ੍ਰ) ਵਿਚ ਉਤਰ ਅਨੇਕਤਾ ਅਤੇ ਅਖੰਡ ਪੇਚੀਦਗੀ ਨੂੰ ਸਹਿਜ-ਮਰਿਆਦਾ ਵਿਚ ਪਰੋ ਲੈਂਦੀ ਹੈ। ਸ਼ਬਦ ਮੌਤ-ਮੰਡਲ ਵਿਚ ਪ੍ਰਗਟ ਹੋ ਆਪਣੇ ਸਾਖੀ ਨੇਮ ਰਾਹੀਂ ਮਨੁੱਖੀ ਅਨੁਭਵ ਦੇ ਸਗਲ ਮਿਆਰਾਂ ਨੂੰ ਨਿਵਾਜਣ ਦੇ ਪੰਧ ਸਿਰਜਦਾ ਹੈ। ਸ਼ਬਦ ਸਗਲ ਮਨੁੱਖਤਾ ਦਾ ਹੈ, ਇਸ ਲਈ ਹਰੇਕ ਮਨੁੱਖੀ ਅਨੁਭੂਤੀ ਦਾ ਮਿਆਰ ਉਸ ਵਿਚ ਸ਼ਾਮਿਲ ਕਰਨ ਲਈ ਸਾਧਕੀ ਤਿਆਗ ਸੇਵਾ ਪਾਰਦਰਸ਼ੀ ਗਿਆਨ, ਨਾਮ ਰਸ ਦੀ ਵਿਸ਼ਵਵਿਆਪੀ ਸਾਂਝ ਦਾ ਧੁਰਾ ਅਤੇ ਪ੍ਰਮਾਣਿਕ ਦਵੰਦਤਾ 'ਚੋਂ ਇਤਿਹਾਸ ਨੂੰ ਸਾਖੀ ਨੇਮ ਰਾਹੀਂ ਸ਼ਬਦ ਆਦਰਸ਼ ਨਾਲ ਲਗਾਤਾਰ ਜੋੜਨ ਵਾਲੇ ਸਰਬ-ਲੋਹੀ ਸ਼ਸਤਰੀ ਅਨੁਭਵ ਪ੍ਰਗਟ ਕੀਤੇ ਗਏ ਹਨ। ਇਹ ਸਰਬ-ਲੋਹੀ ਸ਼ਸਤਰੀ ਅਨੁਭਵ ਨਿਰਮਲ ਮਾਤਰੀ ਨੇਮ ਦੀ ਸ਼ਰਨ ਵਿਚ ਹੈ, ਜਿਸ ਨਾਲ ਇਹ ਪ੍ਰਕ੍ਰਿਤੀ ਦੇ ਤਾਂਤ੍ਰਿਕ ਵਰਤਾਰੇ ਨੂੰ ਸ਼ਬਦ ਦੀ ਸੇਵਾ ਵਿਚ ਲੀਨ ਰੱਖਦਾ ਹੈ"।

ਸ਼ਬਦ ਦੀ ਉਪਰੋਕਤ ਵਿਆਖਿਆ ਤੋਂ ਇਸ ਗੱਲ ਦਾ ਸਪੱਸ਼ਟੀਕਰਣ ਹੁੰਦਾ ਹੈ ਕਿ ਸ਼ਬਦ ਸੰਕਲਪਕ ਪਰਾਭੌਤਿਕਤਾ ਨਹੀਂ ਹੈ, ਜੋ ਬਾਹਰੀ ਸੰਕਲਪ ਨੂੰ ਜ਼ਿੰਦਗੀ ਅਤੇ ਅਨੰਤਤਾ ਅਤੇ ਬਹੁਪੱਖਤਾ ਨੂੰ ਆਪਣੇ 'ਚ ਸ਼ਾਮਿਲ

ਨਾ ਕਰ, ਉਸ ਨੂੰ ਖੁਸ਼ਕ ਗਿਆਨ ਤੋਂ ਸੇਧ ਦੇਣ ਦੀ ਕੋਸ਼ਿਸ਼ ਕਰੇ। ਇਹ ਪਾਰਦਰਸ਼ੀ ਪਰਾਭੌਤਿਕ ਵਰਤਾਰਾ ਹੈ। ਜਿਸ ਦੇ ਸੂਖ਼ਮ ਅਤੇ ਗਿਆਨਮਈ ਸੰਕਲਪ ਬਣਦੇ ਹਨ। ਇਸ ਦੀ ਦੈਵੀ ਪਦਾਰਥਕਤਾ ਇਤਿਹਾਸਿਕ, ਰਾਜਨੀਤਿਕ, ਸਭਿਆਚਾਰਕ ਅਤੇ ਵਿਅਕਤੀਗਤ ਸੁਹਜ, ਮਨੋਵਿਗਿਆਨਕ ਪਾਸਾਰਾਂ ਦੀ ਦਵੰਦਆਤਮਕਤਾ ਨੂੰ ਸਤੁੰਲਨ ਪ੍ਰਦਾਨ ਕਰਦੀ ਹੈ। ਇਸ ਪਾਰਦਰਸ਼ੀ ਪਰਾਭੌਤਿਕਤਾ ਨੂੰ ਖੋਜ ਅਤੇ ਅਨੁਭਵ ਵਿਚ (ਸਾਹਿਤ ਚਿੰਤਨ ਤੇ ਸਿਰਜਣਾ) ਵੱਖੋ-ਵੱਖਰੇ ਪਰਿਪੇਖ ਰਾਹੀਂ ਅਕਾਦਮਿਕ ਅਭਿਆਸ ਪ੍ਰਕ੍ਰਿਆ ਦਾ ਹਿੱਸਾ ਬਣਾਉਣਾ ਚਾਹੀਦਾ ਹੈ।

ਸ਼ਬਦ ਗੁਰਬਾਣੀ "ਧੁਰ ਕੀ ਬਾਣੀ" ਰਾਹੀਂ ਅਵਤਰਿਤ ਹੋਇਆ ਹੈ। ਸ਼ਬਦ ਵਿਚ "ਧੁਰ" ਦੇਸ ਕੀ ਹੈ? ਧੁਰ ਦੇਸ ਦੀ ਰਮਜ਼ ਦੇ ਕੁਝ ਸੰਕੇਤ ਅਸੀਂ ਵੱਖੋ-ਵੱਖਰੇ ਅਨੁਸ਼ਾਸ਼ਨਾਂ ਦੇ ਅਨੁਭਵ ਦੀ ਸਮਝ ਰਾਹੀਂ ਦੇਖਦੇ ਹਾਂ। ਰਹੱਸਮਈ ਅਧਿਆਤਮਕ ਅਨੁਭਵ ਵਿਚ ਧੁਰ ਦੁਆਵਾਂ ਦਾ ਦੇਸ ਹੈ। ਇਸ ਦੇਸ ਵਿਚ ਅਰਦਾਸਾਂ ਦੀ ਬਰਕਤ ਕਬੂਲ ਹੁੰਦੀ ਹੈ। ਧੁਰ ਅੰਦਰ ਮਿਲਾਪ ਹੀ ਮਿਲਾਪ ਹੈ ਤੇ ਉਸ ਅਨੰਤ ਰਸ ਦੀ ਫੁਹਾਰ ਵੀ ਜਿਸ ਰਸ ਥੀ ਆਤਮਾ ਆਪਣੇ ਆਪ ਤੋਂ ਬਲਿਹਾਰੀ ਜਾਂਦੀ ਹੈ। ਧੁਰ ਦੇਸ ਰਾਹੀਂ ਪ੍ਰੀਤਮ ਦੇ ਬੋਲਾਂ ਦੀ ਗੁਣਗੁਣੀ ਝਨਕਾਰ ਮਿਲਦੀ ਹੈ। ਧੁਰ ਦੇਸ ਵਿਚ ਅਨਹਦ ਝੁਨਕਾਰ ਦੇ ਅਨੰਤ ਰਾਗ ਵੱਸਦੇ ਹਨ। ਇਹਨਾਂ ਰਾਗਾਂ ਦੀਆਂ ਹੀ ਧੁਨੀਆਂ ਤਿੰਨੇ ਲੋਕਾਂ ਵਿਚ ਪ੍ਰਗਟ ਹੋ ਜੀਵ/ਬਨਸਪਤੀ/ਕੁਦਰਤ ਇੰਦਰੀਆਂ ਬਣਦੀਆਂ ਹਨ। ਧੁਰ ਦੇਸ ਸਿਰਜਣਾ ਅਤੇ ਵਿਨਾਸ਼ ਦੀ ਅਸੀਮ ਖੇਡ ਨੂੰ ਸਗਲ ਜਗਤ ਦੀ ਗਤੀਮਾਨ ਖੇਡ ਬਣਾਉਂਦਾ ਹੈ। ਧਰਤੀ 'ਤੇ ਜਿਹੜੇ ਕਰਿਸ਼ਮੇ ਪ੍ਰਗਟ ਹੋਏ ਹਨ, ਉਹਨਾਂ ਕਰਿਸ਼ਮਿਆਂ ਅੰਦਰ ਸ਼ਬਦ ਰਾਹੀਂ ਧੁਰ ਦਾ ਦੈਵੀ ਨੂਰ ਬਿਰਾਜਮਾਨ ਹੈ। ਧੁਰ ਦੇਸ ਦੀ ਵਿਆਖਿਆ ਵਿਚ ਗੁਰੂ ਲੀਲਾ ਪ੍ਰਗਟ ਹੋਈ ਹੈ। ਗੁਰੂ ਧੁਰ ਦੇਸ ਦਾ ਜਲਵਾ ਧਰਤੀ ਤੇ ਆਪਣੀ ਛੋਹ ਨਾਲ ਨਮੂਦਾਰ ਕਰਦਾ ਹੈ। ਕਾਲ ਦਾ ਦਵੰਦ ਜਦ ਧੁਰ ਦੇਸ ਦੇ ਅਨੁਭਵ ਨੂੰ ਸਵੀਕਾਰਦਾ ਹੈ ਤਾਂ ਇਸ ਦਾ ਅਧੂਰਾਪਨ ਆਪਣੀਆਂ ਸਮੁੱਚੀਆਂ ਸੀਮਾਵਾਂ ਨੂੰ ਇਸਦੇ ਗਤੀਸ਼ੀਲ ਰੂਪ ਦੇ ਹਵਾਲੇ ਕਰ ਦਿੰਦਾ ਹੈ। ਧੁਰ ਦੇਸ ਦੇ ਰਾਜ ਦੇ ਸਮਸਤ ਫੈਲਾਵਾਂ ਅੰਦਰ ਧਰਤੀ ਆਪਣਾ ਸਵਰਗ ਪੈਦਾ ਕਰਦੀ ਹੈ ਇਸ ਸਵਰਗ ਵਿਚ ਗੁਰਮੁਖ ਸੁਰਤਿ ਮੌਲਦੀ ਹੈ ਅਤੇ ਇਤਿਹਾਸ ਦੇ ਹਰ ਇਕ ਛਿਣ ਉੱਪਰ ਬਖ਼ਸ਼ਿਸ਼ ਕਰਦੀ ਹੈ।

ਧੁਰ ਦੇਸ ਦੀ ਅਸੀਮ ਵਸਤ ਸ਼ਬਦ ਨੂੰ ਜਦ ਆਪਣੇ ਅਧੂਰੇਪਨ ਦੀ ਖੇਡ ਵਿਚ ਫਸਾਉਣਾ ਚਾਹੁੰਦੀ ਹੈ ਤਾਂ ਗੁਰਮੁੱਖ ਸੁਰਤਿ ਹੀ ਕਾਲ ਦੇ ਇਸ ਭੈਅਗ੍ਰਸਤ 'ਸੰਗਠਨ' ਨੂੰ ਪਲ-ਛਿਣ ਵਿਚ ਹੀ ਚਕਨਾਚੂਰ ਕਰ ਦਿੰਦੀ ਹੈ। ਸ਼ਬਦ ਰਾਹੀਂ ਧੁਰ ਦੇਸ ਦਾ ਪ੍ਰਗਟਾ ਧਰਤੀ ਉੱਪਰ ਦੋ ਰੂਪਾਂ ਅੰਦਰ ਹੋਇਆ ਹੈ। ਪਹਿਲਾ ਰੂਪ ਨਾਦ ਹੈ ਅਤੇ ਦੂਸਰਾ ਰੂਪ ਪ੍ਰਗਾਸ। ਇਹ ਦੋਵੇਂ ਰੂਪ ਧੁਰ ਦੇਸ ਦੀ ਧਰਤੀ 'ਤੇ ਸ਼ਬਦ ਰਾਹੀਂ ਪਰਿਕਰਮਾ ਕਰਦੇ ਹਨ। ਜੀਵਨ-ਸ਼ੈਲੀ ਅਤੇ ਗਤੀ ਵਿਚ ਇਹਨਾਂ ਰੂਪਾਂ ਦਾ ਸਾਥ ਮਨੁੱਖੀ ਬੁੱਧੀ ਨੂੰ ਸ਼ਬਦ ਦਾ ਧਰਵਾਸ ਦਿੰਦਾ ਹੈ। ਸ਼ਬਦ ਦੇ ਧਰਵਾਸ ਵਿਚ ਹੀ ਮਨੁੱਖੀ ਆਤਮਾ ਦੀ ਯਾਤਰਾ ਸ਼ੁਰੂ ਹੁੰਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਨਾਦ ਦੇ ਮੁੱਖ ਦੋ ਭੇਦ ਮਿਲਦੇ ਹਨ. ਇਕ ਧੂਨਿ ਰੂਪ, ਦੂਜਾ ਵਰਣਰੂਪ। ਨਿਘੰਟੂ ਵਿਚ ਨਾਦ ਦਾ ਅਰਥ ਕੀਤਾ ਹੈ "ਉਸਤਤਿ ਕਰਨ ਯੋਗਯ" ਭਾਵ ਜਿਸ ਦੀ ਉਸਤਤਿ ਕਰੀਏ, ਉਹ ਨਾਦ ਹੈ। ਸੰਗੀਤ ਵਿਚ ਇਸ ਦਾ ਅਰਥ ਹੈ—ਨ (ਪ੍ਰਾਣ) ਦ (ਅਗਨਿ) ਭਾਵ ਸ਼ਰੀਰ ਦੀ ਅਗਨੀ ਦੇ ਸੰਜੋਗ ਤੋਂ ਜੋ ਸੂਰ ਉਪਜੇ, ਸੋ ਨਾਦ ਹੈ। ਇਸ ਨਾਦ ਦੇ ਤਿੰਨ ਅਸਥਾਨ ਹਨ—ਹ੍ਰਿਦਯ, ਕੰਠ ਅਤੇ ਮਸ੍ਤਕ। ਹ੍ਰਿਦਯ ਵਿਚ ਸਥਿਤ ਨਾਦ ਦੀ "ਮੰਦ੍ਰ" ਸੰਗਯਾ ਹੈ, ਕੰਠ ਵਿਚ ਨਾਦ ਦੀ "ਮਧਯਮ" ਸੰਗਯਾ ਹੈ ਅਤੇ ਮਸ੍ਤਕ ਵਿਚ ਸਥਿਤ ਨਾਦ "ਤਾਰ" ਹੈ। ਇਸ ਤਰ੍ਹਾਂ ਪ੍ਰਗਾਸ ਦੇ ਅਰਥ ਪ੍ਰਜਵਲਤ, ਚਾਨਨ, ਭਾਵ ਖਿੜਨਾ,ਪ੍ਰਕਾਸ਼ਮਾਨ ਹੋਣ ਭਾਵ ਉਦੈ ਹੋਣ ਤੱਕ ਵਸੀਹ ਹਨ। ਸ਼ਬਦ ਨਾਦ ਅਤੇ ਪ੍ਰਗਾਸ ਦੇ ਰੂਪਾਂ ਵਿਚ ਧਰਤੀ 'ਤੇ ਪ੍ਰਗਟ ਹੁੰਦਾ ਹੈ। ਨਾਦ ਰਾਹੀਂ ਸ਼ਬਦ ਦਾ ਪ੍ਰਗਟਾ ਰਾਗ ਅਤੇ ਰਬਾਬ ਵਿਚ ਅਵਤਰਿਤ ਹੁੰਦਾ ਹੈ। 'ਅਥਰਵ-ਵੇਦ' ਵਿਚ ਸ਼ਬਦ ਨੂੰ ਨਾਦ ਕਿਹਾ ਹੈ ਅਤੇ ਨੌਂ ਕਿਸਮ ਦੇ ਨਾਦਾਂ ਦਾ ਤਿਆਗ ਕਰਕੇ ਦਸਵੀਂ ਕਿਸਮ ਦੇ ਨਾਦ ਦਾ ਅਭਿਆਸ ਕਰਨ ਲਈ ਕਿਹਾ ਗਿਆ ਹੈ, ਕਿਉਂਕਿ ਇਸ ਨਾਲ ਪਾਰਬ੍ਰਹਮ ਦੀ ਪ੍ਰਾਪਤੀ ਹੁੰਦੀ ਹੈ।[2] "ਮਨੁੱਖ ਜਦੋਂ ਨਾਦ ਦੀ ਆਵਾਜ਼ ਸੁਣੇਗਾ ਅਤੇ ਇਸਨੂੰ ਸਮਝੇਗਾ..... ਜਦੋਂ ਉਸਦਾ ਰੂਪ ਆਪਣੇ ਆਪ ਨੂੰ ਅਸਥਾਈ ਜਾਪਦਾ ਹੈ, .....ਜਦੋਂ ਉਹ ਬਹੁਤਿਆਂ ਨੂੰ ਸੁਣਨਾ ਬੰਦ ਕਰ ਦਿੰਦਾ ਹੈ, ਤਾਂ ਉਹ ਬਹੁਤਿਆਂ ਨੂੰ ਇਕ ਸਮਝਦਾ ਹੈ........ ਅੰਦਰੂਨੀ ਆਵਾਜ਼ ਜੋ ਬਾਹਰੀ ਨੂੰ ਮਾਰ ਦਿੰਦੀ ਹੈ...... ਕਿਉਂਕਿ ਫਿਰ ਆਤਮਾ ਸੁਣੇਗੀ ਅਤੇ "ਚੁੱਪ ਦੀ ਆਵਾਜ਼" ਬੋਲੇਗੀ। ਹੁਣ ਤੁਸੀਂ ਖੁਦ 'ਆਪਣੇ ਆਪ' ਵਿਚ ਗੁਆਚ ਜਾਂਦੇ ਹੋ, ਆਪਣੇ ਆਪ ਨੂੰ "ਆਪਣੇ ਆਪ" ਵਿਚ ਲੀਨ ਕਰ ਲੈਂਦੇ ਹੋ..... ਆਪਣੇ ਆਪ ਵਿਚ ......ਜਿਸ ਤੋਂ ਤੁਸੀਂ ਪਹਿਲਾਂ ਆਪਣੇ ਆਪ ਨੂੰ ਮੁੜ ਸੁਰਜੀਤ ਕੀਤਾ ਸੀ...... ਦੇਖੋ! ਅੰਤ ਵਿਚ ਤੁਸੀਂ ਕਿਵੇਂ ਪ੍ਰਕਾਸ਼ ਬਣ ਗਏ..... ਤੁਸੀਂ ਆਖਰ 'ਤੇ ਨਾਦ ਬਣ ਗਏ, ਤੁਸੀਂ ਆਪਣੇ ਮਾਲਕ ਅਤੇ ਆਪਣੇ ਪਰਮਾਤਮਾ ਹੋ"।[3] ਇਸ ਤਰ੍ਹਾਂ 'ਤੰਤ੍ਰ-ਗ੍ਰੰਥਾਂ' ਵਿਚ ਸ਼ਬਦ ਦੀ ਵਿਆਖਿਆ ਨਾਦ ਅਤੇ ਬਿੰਦੂ ਦੇ ਨਾਉਂ ਨਾਲ ਕੀਤੀ


www.sanvad.org
ISSN : 2395-1273

ਗਈ ਹੈ। ਨਾਦ ਸ਼ਬਦ ਰੂਪ ਬ੍ਰਹਮ ਨੂੰ ਕਹਿੰਦੇ ਹਨ ਅਤੇ ਬਿੰਦ ਸੰਸਕ੍ਰਿਤ ਦਾ ਸ਼ਬਦ ਹੈ, ਜਿਸਦਾ ਧਾਤੂ 'ਵਿਦ' ਹੈ ਅਤੇ ਇਸਦਾ ਅਰਥ ਹੈ : ਜਾਣਨਾ। ਇਉਂ ਸਮੁੱਚਾ ਨਾਦ ਸ਼ਬਦ ਬ੍ਰਹਮ ਨੂੰ ਜਾਣਨ ਵਾਲਾ ਹੈ। ਇਉਂ ਤੰਤ੍ਰ ਵਾਦੀ ਵੀ 'ਸ਼ਬਦ' ਨੂੰ ਨਾਦ ਸਰੂਪੀ ਬ੍ਰਹਮ ਪਰਵਾਨ ਕਰਦੇ ਹਨ। ਨਾਦ ਵਿਚ ਬੱਝੀ ਇਸ ਸ਼ਬਦ ਰੂਪੀ ਅਭਿਵਿਅਕਤੀ ਅੰਦਰ ਹੀ ਧੁਰ ਦਾ ਦੈਵੀ ਸਾਜ਼ ਹੈ।

ਸ਼ਬਦ ਦਾ ਪ੍ਰਗਾਸ ਸੰਗਤੀ ਆਭਾ ਵਿਚ ਆਤਮਿਕ ਮੰਡਲ ਰਾਹੀਂ ਨਸੀਬ ਹੁੰਦਾ ਹੈ। ਪ੍ਰਗਾਸ "ਦੈਵੀ ਰੋਸ਼ਨੀ" ਸ਼ਾਬਦਿਕ ਰੋਸ਼ਨੀ ਨਹੀਂ ਹੈ, ਸਗੋਂ ਬ੍ਰਹਮ ਦਾ ਵਰਣਨ ਕਰਨ ਦਾ ਇਕ ਪ੍ਰਤੀਕਾਤਮਕ ਤਰੀਕਾ ਹੈ, ਜੋ ਕਿ ਸੱਚ, ਗਿਆਨ ਅਤੇ ਅਧਿਆਤਮਿਕ ਸੂਝ ਵਰਗੇ ਸੰਕਲਪਾਂ ਨੂੰ ਪ੍ਰਗਟ ਕਰਨ ਲਈ ਵਰਤਿਆ ਜਾਂਦਾ ਹੈ। ਇਸ ਪਰੰਪਰਾ ਵਿਚ, "ਬ੍ਰਹਮ ਪ੍ਰਕਾਸ਼" ਇਕ ਮੁੱਖ ਸੰਕਲਪ ਹੈ, ਜਿਸਨੂੰ ਪ੍ਰਮਾਤਮਾ ਦੀ ਨਿਰਮਿਤ ਊਰਜਾ ਮੰਨਿਆ ਜਾਂਦਾ ਹੈ, ਜੋ ਨਾਮ ਦੁਆਰਾ ਮਨੁੱਖੀ ਬੁੱਧੀ ਨੂੰ ਪ੍ਰਕਾਸ਼ਮਾਨ ਕਰਦਾ ਹੈ। ਇਹ ਧਾਰਨਾ ਦੱਸਦੀ ਹੈ ਕਿ ਮਨੁੱਖ ਪਰਮਾਤਮਾ ਦੀ ਮੌਜੂਦਗੀ ਦਾ ਅਨੁਭਵ ਪ੍ਰਗਾਸ ਰਾਹੀਂ ਕਰ ਸਕਦਾ ਹੈ ਅਤੇ ਇਸ ਬ੍ਰਹਮ ਪ੍ਰਕਾਸ਼ ਦੇ ਸੰਪਰਕ ਦੁਆਰਾ ਅਸਲੀਅਤ ਦੀ ਡੂੰਘੀ ਸਮਝ ਪ੍ਰਾਪਤ ਕਰ ਸਕਦਾ ਹੈ। ਈਸਾਈ ਧਰਮ ਸ਼ਾਸਤਰ ਵਿਚ ਰੱਬ ਨੂੰ "ਸੰਸਾਰ ਦਾ ਚਾਨਣ" ਅਤੇ "ਹਨੇਰੇ ਵਿਚ ਚਮਕਣ ਵਾਲਾ ਚਾਨਣ" ਮੰਨਣਾ ਅਤੇ ਬੁੱਧ ਧਰਮ ਵਿਚ "ਬੁੱਧ ਦੀ ਰੋਸ਼ਨੀ" ਬੁੱਧੀ ਅਤੇ ਗਿਆਨ ਦਾ ਪ੍ਰਤੀਕ ਹੈ, ਜੋ ਸੰਵੇਦਨਸ਼ੀਲ ਜੀਵਾਂ ਦੇ ਮਨਾਂ ਨੂੰ ਪ੍ਰਕਾਸ਼ਮਾਨ ਕਰਦਾ ਹੈ। ਸਾਮੀ ਅਤੇ ਆਰੀਅਨ ਪਰੰਪਰਾਵਾਂ ਅਧਿਆਤਮਿਕ ਅਤੇ ਦਾਰਸ਼ਨਿਕ ਪੱਧਰ ਤੇ ਬ੍ਰਹਮਤਾ ਦਾ ਵਰਣਨ ਕਰਨ ਲਈ ਸਮਾਨ ਰੂਪਾਂਤਰਾਂ ਦੀ ਵਰਤੋਂ ਕਰਦੀਆਂ ਹਨ, ਜਿਵੇਂ ਕਿ "ਦੈਵੀ ਚਮਕ" ਜਾਂ "ਦੈਵੀ ਪ੍ਰਗਾਸ"। ਸ਼ਬਦ ਪ੍ਰਗਾਸ ਦੀ ਬ੍ਰਹਮ ਚਾਨਣ ਸੰਬੰਧਿਤ ਧਾਰਨਾ ਦੱਸਦੀ ਹੈ ਕਿ ਇਸ ਚਾਨਣ ਨਾਲ ਮਨੁੱਖਾਂ ਨੂੰ ਆਪਣੀਆਂ ਬੋਧਾਤਮਕ ਗਤੀਵਿਧੀਆਂ ਵਿਚ ਅਲੌਕਿਕ ਸਹਾਇਤਾ ਪ੍ਰਾਪਤ ਹੁੰਦੀ ਹੈ, ਇਸ ਲਈ ਸੱਚ ਦੀ ਪ੍ਰਾਪਤੀ ਲਈ ਬ੍ਰਹਮ ਕਿਰਪਾ ਜ਼ਰੂਰੀ ਹੈ। "ਬ੍ਰਹਮ ਪ੍ਰਕਾਸ਼ ਦਾ ਦਰਸ਼ਨ ਮਨੁੱਖ ਦੀ ਆਪਣੀ ਨਿਰਦੋਸ਼ ਅਵਸਥਾ ਵਿਚ ਵਾਪਸੀ ਹੈ"। ਬਾਈਬਲ ਦਾ ਕਥਨ ਹੈ ਕਿ "ਧੰਨ ਉਹ ਹਨ ਜਿਹੜੇ ਪ੍ਰਗਾਸੇ ਹੋਏ ਦਿਲ ਦੇ ਸ਼ੁੱਧ ਹਨ, ਕਿਉਂਕਿ ਉਹ ਪਰਮੇਸ਼ੁਰ ਨੂੰ ਵੇਖਣਗੇ"। ਪਰਮੇਸ਼ੁਰ ਸ਼ਬਦ ਰੂਪ ਹੈ, ਇਸ ਲਈ ਪਰਮੇਸ਼ੁਰ ਨੂੰ ਦੇਖਣਾ ਹੀ ਸ਼ਬਦ ਨੂੰ ਅਨੁਭਵ ਕਰਨਾ ਹੈ।

ਧੁਰ ਦੇਸ ਦੀ ਸਾਹਿਤਕ ਅਨੁਭਵ ਰਾਹੀਂ ਸਮਝ ਵੀ ਸਾਨੂੰ ਸ਼ਬਦ ਨੂੰ ਸਮਝਣ ਲਈ ਸੰਕੇਤ ਦਿੰਦੀ ਹੈ। ਡਾ. ਹਰਿਭਜਨ ਸਿੰਘ ਅਤੇ ਅਮਰਜੀਤ ਚੰਦਨ ਨੇ ਧੁਰ ਦੇਸ ਦੇ ਸਾਹਿਤਕ ਅਨੁਭਵ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ:-

> ਧੁਰ ਦੇਸ ਬੰਦੇ ਦਾ ਕਲਪਿਆ ਹੋਇਆ ਬ੍ਰਹਿਮੰਡ ਹੈ। ਬੰਦੇ ਦੀ ਕਲਪਨਾ ਦਾ ਨਕਸ਼ਾ ਸੰਸਾਰਕ ਹੀ ਹੋ ਸਕਦਾ ਹੈ। ਇਸੇ ਤੱਥ ਵਿਚ ਧਰਮ ਦਾ ਵਿਚਾਰਤਮਕ/ਸੰਸਾਰਕ/ਸੈਕੂਲਰ ਆਯਾਮ ਆ ਜਾਂਦਾ ਹੈ। ਇਸ ਧਰਤੀ 'ਤੇ ਸਵਰਗ ਸਾਜਣ ਦਾ ਸੰਕਲਪ ਇਸੇ ਸੋਚ ਵਿਚ ਬਣਦਾ ਹੈ। ਪਰਲੋਕ ਜੇ ਕਿਸੇ ਡਿੱਠਾ ਹੋਵੇ ਤਾਂ ਦੱਸ ਨਹੀਂ ਸਕਦਾ। ਪਰਲੋਕ ਅਕੱਥ ਹੈ। ਕੋਰੀ ਕਲਪਨਾ ਕਲਪੀਆ ਕੇ ਯਥਾਰਥ ਹੋ ਜਾਂਦੀ ਹੈ। ਪਰ-ਯਥਾਰਥ ਇਸ ਨੂੰ ਬੰਦਾ ਆਪਣੀ ਹਸਤੀ ਦਾ ਤਰਕ ਬਣਾ ਲੈਂਦਾ ਹੈ। ਪੰਜਾਬੀਅਤ ਦਾ ਵਾਸ ਧੁਰ ਦੇਸ ਵਿਚ ਹੀ ਕਿਤੇ ਹੈ। ਨਾਨਕਤਾ ਹੀ ਪੰਜਾਬੀਅਤ ਹੈ।

ਡਾ. ਹਰਿਭਜਨ ਸਿੰਘ ਅਤੇ ਅਮਰਜੀਤ ਚੰਦਨ ਨੇ ਧੁਰ ਦੇਸ ਦੀ ਸਾਂਝ ਲਈ ਜਿਹੜੇ ਪ੍ਰਤੀਕ ਸੰਸਾਰ ਸਿਰਜੇ ਹਨ। ਉਸ ਵਿਚ 'ਧੁਰ ਦੇਸ' ਸਿਰਜਣਾ ਦੇ ਕਿਸੇ ਇਕ ਖੰਡ ਰਾਹੀਂ ਪਰਿਭਾਸ਼ਿਤ ਹੁੰਦਾ ਹੈ। ਸਿਰਜਣਾ ਦੇ ਆਪਣੇ ਅਧੂਰੇਪਨ ਦੀ ਖੇਡ ਉਸ ਵਿਚ ਲਗਾਤਾਰ ਸ਼ਾਮਲ ਹੁੰਦੀ ਰਹਿੰਦੀ ਹੈ। ਸਿਰਜਣਾਤਮਕ ਕਲਪਨਾ ਰਾਹੀਂ ਇਸਦਾ ਗਵਾਹ ਬਣਨਾ ਭੌਤਿਕ ਵਰਤਾਰਿਆਂ ਦੀ ਗਿਆਨਮਈ ਦਿਸ਼ਾ ਨੂੰ ਇਸ ਵਿਚ ਸ਼ਾਮਿਲ ਨਾ ਕਰਨਾ ਹੈ। ਧੁਰ ਦੇਸ ਨੂੰ "ਅੰਦਰ ਜਾਗੇ ਸੱਚ" ਨਾਲ ਮੰਨਣਾ ਵੀ ਇਸਦੀ ਇਕਹਿਰੀ ਰਹੱਸਮਈ ਪਹੁੰਚ ਦ੍ਰਿਸ਼ਟੀ ਹੈ। ਇਹ ਦ੍ਰਿਸ਼ਟੀ 'ਸੋਹਨ ਕਾਦਰੀ 'ਨਾਲ ਗੱਲਬਾਤ ਸਮੇਂ 'ਹੁਣ ਖਿਣ' ਪੁਸਤਕ ਵਿਚੋਂ ਵੀ ਉਜਾਗਰ ਹੁੰਦੀ ਹੈ। 'ਧੁਰ ਦੇਸ' ਲਈ ਮਨੁੱਖੀ ਚੇਤਨਾ ਦੀ ਸਮੂਹਿਕ ਅਵਚੇਤਨਾ ਦਾ ਸਾਥ ਲੈਣਾ ਵੀ 'ਧੁਰ ਦੇਸ' ਦੀ ਵਿਆਖਿਆ ਦਾ ਹਿੱਸਾ ਹੋ ਸਕਦਾਹੈ।

ਅਮਰਜੀਤ ਚੰਦਨ ਧੁਰ ਦੇਸ ਦੇ ਅਰਥ ਪਾਸਾਰ 'ਪੰਜਾਬੀਅਤ' ਦੀ ਮੂਲਤਾ ਵਿਚੋਂ ਦਰਸਾਉਂਦੇ ਹਨ। ਜਿੱਥੇ ਉਹਨਾਂ ਲਈ ਦੋ ਸ਼ਬਦ 'ਪੰਜਾਬੀ ਅਵਚੇਤਨ' ਅਤੇ 'ਲੋਕ ਇਤਿਹਾਸ' ਪ੍ਰਮੁੱਖ ਹਨ। ਇਹਨਾਂ ਹੀ ਦੋ ਸੰਕਲਪਾਂ ਨੂੰ ਉਸਨੇ ਲੋਕ ਅਵਚੇਤਨ ਦਾ ਧੁਰਾ ਕਿਹਾ ਹੈ। ਜਿਸ ਵਿਚ ਦਾਰਸ਼ਨਿਕ ਅਤੇ ਆਤਮਿਕ ਜਰਨੀ ਦੇ ਸਵਾਲਾਂ ਨੂੰ ਨਾਲ ਖੜ੍ਹਾ ਕਰ ਲਿਆ ਗਿਆ ਹੈ। ਇਹਨਾਂ ਸਵਾਲਾਂ ਦੀ ਸਮਝ ਬਹੁਤ ਬਾਹਰੀ ਅਤੇ ਨਿਰਧਾਰਿਤ ਹੈ। ਜਿਸ ਵਿਚੋਂ 'ਦਿਲ ਭਾਵਨਾ', 'ਚਿਤ ਚਿੰਤਨ', 'ਸੂਰਜ ਗਿਆਨ ਪ੍ਰਕਾਸ਼' ਅਤੇ 'ਧਰਤੀ ਸਨਤਲ' ਜਿਹੇ ਅਰਥ-ਪਾਸਾਰ ਲੋਕ ਅਵਚੇਤਨ

ਰਾਹੀਂ ਵਿਆਖਿਆ ਅਧੀਨ ਲਿਆਂਦੇ ਗਏ ਹਨ। ਅਮਰਜੀਤ ਚੰਦਨ ਦੇ ਧੁਰ ਦੀ ਵਿਆਖਿਆ ਦਾ ਆਧਾਰ ਪੰਜਾਬੀ ਚੇਤਨਾ ਹੈ। ਇਸ ਵਿਚ ਪੰਜਾਬੀ ਚੇਤਨਾ ਸਿੱਖ ਚੇਤਨਾ ਨਾਲ ਰੱਲਗੱਡ ਕੀਤੀ ਹੋਈ ਹੈ। ਜਿਸ ਵਿਚ ਸਵੈ-ਵਿਸ਼ਵਾਸ ਦੀ ਵਿਅਕਤੀਗਤ ਹੋਂਦ ਨੂੰ ਬਰਕਰਾਰ ਰੱਖਿਆ ਹੋਇਆ ਹੈ।

ਧੁਰ ਦੇਸ ਦੀਆਂ ਸਮਸਤ ਅਮੁੱਲਤਾਵਾਂ ਕਾਲ ਦੇ ਪਰਦੇ ਵਿਚ ਅਕਾਲੀ ਰਮਜ਼ ਵਿਚ ਪ੍ਰਗਟ ਹੁੰਦੀਆਂ ਹਨ। ਕੁਰਾਨ ਪਾਕ ਦਾ ਲੋਹੇ ਮਹਿਫ਼ੂਜ 'ਤੇ ਲਿਖਿਆ ਹੋਣਾ ਅਤੇ ਫਿਰ ਮੁਹੰਮਦ ਸਾਹਿਬ ਉੱਪਰ ਹਿਰਾ ਦੀ ਗੁਫ਼ਾ ਅੰਦਰ ਇਕਾਂਤ ਵਿਚ ਨਾਜ਼ਲ ਹੋਣਾ, ਇਸੇ ਤਰ੍ਹਾਂ ਗੁਰੂ ਨਾਨਕ ਉੱਪਰ ਬਾਣੀ ਦਾ ਪ੍ਰਕਾਸ਼ ਬੇਈਂ ਨਦੀ ਵਿਚ ਹੋਣਾ ਕਾਲ ਦੇ ਪਰਦੇ ਵਿਚ ਅਕਾਲੀ ਰਮਜ਼ ਦਾ ਆਉਣਾ ਦਰਸਾਉਂਦਾ ਹੈ ਕਿ ਧੁਰ ਦੇਸ ਦੀ ਇਨਾਅਤ ਲਈ ਮੁਕੰਮਲ ਚੋਣ ਪਹਿਲਾਂ ਹੀ ਨਿਸ਼ਚਿਤ ਕਰ ਲਈ ਜਾਂਦੀ ਹੈ। ਜਿਸ ਵਿਚ ਮਾਨਵੀ ਚੇਤਨਾ ਦਾ ਦਖ਼ਲ ਮਨਫ਼ੀ ਕਰ ਦਿੱਤਾ ਜਾਂਦਾ ਹੈ ਪਰ ਨਸਲੀ ਚੇਤਨਾ ਦੀ ਵਿਅਕਤੀਗਤ ਹਉਮੈਂ ਧੁਰ ਦੇਸ ਦੀ ਬਖ਼ਸ਼ਿਸ਼ ਨੂੰ ਆਪਣੀ ਅਧਿਕਾਰਤਾ ਦਾ ਖ਼ਾਸ ਖੇਤਰ ਮੰਨ ਲੈਂਦੀ ਹੈ ਭਾਵ ਕਿ ਉਹ ਇਸ ਦੀ ਪਵਿੱਤਰਤਾ ਅਤੇ ਇਸ ਵਿਚ ਕਿਸੇ ਵੀ ਪ੍ਰਕਾਰ ਦੇ ਮਾਨਵੀਂ ਦਖ਼ਲ ਤੋਂ ਬਚਾਉਣ ਲਈ ਅਜਿਹਾ ਕਰਦੀ ਹੈ, ਜਿਸ ਵਿਚ ਉਸ ਦੇ ਜੀਵਨ ਦਾ ਤਿਆਗ, ਸਾਧਨਾ, ਮਿਹਨਤ ਅਤੇ ਬਲੀਦਾਨ ਸ਼ਾਮਿਲ ਰਹਿੰਦਾ ਹੈ ਪਰ ਉਸਦੀ ਇਹ ਸੰਕਲਪਨਾ ਧੁਰ ਦੇਸ ਦੀ ਬਖ਼ਸ਼ਿਸ਼ ਨੂੰ ਸੀਮਤ ਘੇਰੇ ਵਿਚ ਵੀ ਲੈ ਆਉਂਦੀ ਹੈ।

ਇਸ ਪੇਪਰ ਨੂੰ ਮੂਲ ਰੂਪ ਵਿਚ ਸ਼ਬਦ ਦੀ ਸਮਝ ਬਣਾਉਣ ਲਈ ਧੁਰ ਦੇਸ ਦੀ ਵਿਆਖਿਆ ਰਾਹੀਂ ਹੀ ਸਮਝਿਆ ਗਿਆ ਹੈ। ਧੁਰ ਦੇਸ ਰਾਹੀਂ ਹੀ ਸ਼ਬਦ ਦਾ ਅਵਤਰਣ ਧਰਤੀ ਤੇ ਹੁੰਦਾ ਹੈ। ਧਰਤੀ ਤੇ ਸ਼ਬਦ ਕਾਲ ਦੀ ਪ੍ਰਤੀਨਿਧਤਾ ਕਰਦਾ ਹੈ। ਇਹ ਪ੍ਰਤੀਨਿਧਤਾ ਹੀ ਕਾਲ ਨੂੰ ਦਵੰਦ ਦੀ ਤੌਰ ਵਿਚ ਗਤੀ ਪ੍ਰਦਾਨ ਕਰਦੀ ਹੈ। ਇਸ ਗਤੀ ਵਿਚ ਆਦਿ-ਅੰਤ ਦੇ ਇਸ਼ਾਰੇ ਮਾਨਵੀ ਚੇਤਨਾ ਨੂੰ ਆਤਮ-ਅਭੇਦਤਾ ਪ੍ਰਦਾਨ ਕਰਦੇ ਹਨ। ਅੱਗੇ ਚੱਲ ਕੇ ਨਾਮ ਰਾਹੀਂ ਇਹ ਆਤਮ-ਅਭੇਦਤਾ ਹੀ ਸ਼ਬਦ ਵਿਚ ਪਲਟ ਜਾਂਦੀ ਹੈ ਤੇ ਮਾਨਵ-ਮੁਕਤੀ ਦਾ ਪ੍ਰਵੇਸ਼ ਦੁਆਰ ਬਣਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. "It is considered equal to verbum but whereas in Greek Philosophy the word means The Divine Reason, the authors of the Septuagint use it to translate the Hebrew Memra and its poetic synonyms which mean primarily the spoken word of the Deity."(Encyclopedia of Religion and Ethics Vol. VIII, page 135.)
2. ਅਥਰਵ ਵੇਦ,ਕਾਂਡ 4, ਸੂਕਤ 30.
3. H.P. Blavatsky ਦੀ ਪੁਸਤਕ "The Voice of the Silence' ਜਿਸ ਨੂੰ ਵਿਲੀਅਮ ਜੇਮਜ਼ ਨੇ ਆਪਣੀ ਪੁਸਤਕ "The Varites of Religious Experience" ਵਿੱਚ ਪੰਨਾ 330 ਤੇ ਇਉਂ ਬਿਆਨ ਕੀਤਾ ਹੈ :"He who would hear the voice of Nada, 'the soundless sound' and comprehend it..... when to himself his form appears unreal, as do no waking all the forms he see in dreams, when he has ceased to hear the many, he many discem the ONE........ the inner sound which kills the outer...... For then the soul wll hear and will speak "THE VOICE OF THE SILENCE). And now thyself is lost in 'SELF', they self into "THYSELF" merged in that SELF from which thou first didst rediate....... Beholds! thow last become the light thou last become the sound, thou art thy µaster and thy God."
4. James William, Varieties of Religious Experience, P. 471

(ਇਸ ਪੇਪਰ ਅੰਦਰ ਸ਼ਬਦ ਦੀ ਸਮਝ ਲਈ ਕੁਝ ਸੂਖ਼ਮ ਸੰਕੇਤ ਆਏ ਹਨ। ਜਿਨ੍ਹਾਂ ਦਾ ਆਧਾਰ ਅਧਿਆਤਮਕ ਅਨੁਭਵ ਅਤੇ ਸ਼ਬਦ ਦਰਸ਼ਨ ਪਰਿਪੇਖ ਨੂੰ ਬਣਾਇਆ ਗਿਆ ਹੈ।)

✧